# ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ ਅਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਲਈ ਨਵਾਂ ਕੇਂਦਰ ਬਣਾਉਣ ਲਈ ਬਿਨੈ ਪੱਤਰ।

1. ਪ੍ਰੀਖਿਆ ਕੇਂਦਰ ਲਈ ਬਿਨੈ ਪੱਤਰ ਦੇਣ ..........................................
   ਵਾਲੀ ਸੰਸਥਾ ਦਾ ਨਾਂ ਸਮੇਤ ਫੋਨ/ਮੋ: ਨੰਬਰ ..........................................
2. ਪ੍ਰੀਖਿਆਰਥੀਆਂ ਦੀ ਗਿਣਤੀ

   ਲੜਕੇ ਲੜਕੀਆਂ ਕੁੱਲ ਗਿਣਤੀ

3. ਪ੍ਰੀਖਿਆ ਕੇਂਦਰ ਲਈ ਕਮਰਿਆ ਦੀ ਗਿਣਤੀ ..........................................
   ਅਤੇ ਸਾਈਜ
4. ਕੀ ਹਾਲ ਅਤੇ ਕਮਰੇ ਜੋ ਪ੍ਰੀਖਿਆ ਕੇਂਦਰ ਲਈ ..........................................
   ਵਰਤੇ ਜਾਣੇ ਹਨ, ਉਹ ਇੱਕ ਦੂਜੇ ਨਾਲ ਜੁੜਵੇਂ
   ਹਨ?
5. ਸਕੂਲ ਵਿੱਚ ਬਾਕੀ ਬਚਦੇ ਕਮਰਿਆ ਦੀ ਗਿਣਤੀ ........................................
6. ਸੰਸਥਾ ਵਿਚਲੀ ਵਿਗਿਆਨ ਦੀ ਪ੍ਰਯੋਗਸ਼ਾਲਾ ਵਿੱਚ
   ਇਕੋ ਸਮੇਂ ਕਿੰਨੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਲੈਣ
   ਦੀ ਸਮਰੱਥਾ ਹੈ ?

ੳ) ਭੌਤਿਕ ਵਿਗਿਆਨ ........... ਅ) ਰਸਾਇਣਿ ਵਿਗਿਆਨ ...........

ੲ) ਜੀਵ ਵਿਗਿਆਨ ........ ੲ) ਦਸਤਕਾਰੀ..............

7. **ਫਰਨੀਚਰ ਦਾ ਵੇਰਵਾ:-**

ੳ) ਇਕਹਿਰੀ ਸੀਟ ਵਾਲੇ ਡੈਸਕ ........................................

ਅ) ਦੂਹਰੀ ਸੀਟ ਵਾਲੇ ਡੈਸਕ ........................................

8. **ਪਿਛਲੇ ਸਾਲ ਆਪ ਦੇ ਸਕੂਲ ਦੇ ਪ੍ਰੀਖਿਆਰਥੀਆਂ ਵਲੋਂ ਕਿਹੜੇ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਦਿੱਤੀ ਸੀ:-**
   ਪ੍ਰੀਖਿਆ ਕੇਂਦਰ ਦਾ ਨਾਂ ਆਪ ਦੇ ਸਕੂਲ ਤੋਂ ਦੂਰੀ ਕਲਾਸ

9. **ਸਹਿਮਤੀ ਸਕੂਲ ਦਾ ਵੇਰਵਾ** (ਇਹ ਸਹਿਮਤੀ 3 ਸਾਲ ਲਈ ਰੱਖੀ ਜਾਵੇਗੀ)

| ਸਕੂਲ ਦਾ ਨਾਂ | ਕਲਾਸ | ਲੜਕਿਆ ਦੀ ਗਿਣਤੀ | ਲੜਕੀਆਂ ਦੀ ਗਿਣਤੀ | ਕੁੱਲ ਗਿਣਤੀ | ਸਕੂਲ ਤੋਂ ਦੂਰੀ |
|---|---|---|---|---|---|
| | | | | | |
| | | | | | |
| | | | | | |

ਨੋਟ:- ਆਪਣੇ-ਆਪਣੇ ਲੈਟਰ ਪੈਡ ਤੇ ਬਿਨੈਕਾਰ ਸਕੂਲ ਨੂੰ ਸਹਿਮਤੀ ਦਿੱਤੀ ਜਾਵੇ ।

10. ਬੋਰਡ ਦੇ ਮੁੱਖ ਦਫ਼ਤਰ ਵਿਖੇ ਜਮ੍ਹਾਂ ਕਰਵਾਈ ਫੀਸ ਦਾ ਵੇਰਵਾ:-

    ਰਸੀਦ ਨੰ: ......................... ਮਿਤੀ............................ ਰਕਮ.................

ਸੰਸਥਾ ਦੇ ਮੁੱਖੀ ਦਾ ਪੂਰਾ ਨਾਂ ਸੰਸਥਾ ਮੁੱਖੀ ਦੇ ਹਸਤਾਖਰ
(ਸਾਫ ਅੱਖਰਾਂ ਵਿੱਚ) (ਮੋਹਰ ਸਮੇਤ)
ਟੈਲੀਫੋਨ/ਮੋਬਾਇਲ ਨੰਬਰ(ਕੋਡ ਸਮੇਤ)
ਮਿਤੀ: ........................
ਈ.ਮੇਲ...................................

# ਪੰਜਾਬ ਸਕੂਲ ਸਿੱਖਿਆ ਬੋਰਡ

## ਦਸਵੀਂ/ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਲਈ ਪ੍ਰੀਖਿਆ ਕੇਂਦਰ ਬਨਾਉਣ ਲਈ ਜਨਰਲ ਹਦਾਇਤਾਂ

1. ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਲਈ ਬਿਨੈ ਪੱਤਰ ਅਤੇ ਫੀਸ ਵੱਖਰੇ-ਵੱਖਰੇ ਭਰੇ ਜਾਣ।

2. ਫੀਸਾਂ ਦਾ ਸ਼ਡਿਊਲ :-

| ਮਿਤੀ | ਸਰਕਾਰੀ ਸਕੂਲ | ਏਡਿਡ ਸਕੂਲ | ਐਫੀਲਿਏਟਿਡ/ ਮਾਨਤਾ ਪ੍ਰਾਪਤ |
|---|---|---|---|
| 31 ਅਗਸਤ ਤੱਕ | 2200/- ਰੁ: | 5000/- ਰੁ: | 20000/- ਰੁ: |
| 1 ਸਤੰਬਰ ਤੋਂ 14 ਸਤੰਬਰ ਤੱਕ | 5000/- ਰੁ: ਲੇਟ ਫੀਸ | 5000/- ਰੁ: ਲੇਟ ਫੀਸ | 5000/- ਰੁ: ਲੇਟ ਫੀਸ |
| 15 ਸਤੰਬਰ ਤੋਂ 27 ਸਤੰਬਰ ਤੱਕ | 10000/- ਰੁ: ਲੇਟ ਫੀਸ | 10000/- ਰੁ: ਲੇਟ ਫੀਸ | 10000/- ਰੁ: ਲੇਟ ਫੀਸ |
| ਕੰਟੀਨਿਊਸ਼ਨ ਫੀਸ :<br>ਕੇਂਦਰ ਸਥਾਪਤ ਹੋਣ ਦੀ ਸੂਰਤ ਵਿੱਚ ਹਰ ਸਾਲ ਜਮ੍ਹਾਂ ਕਰਾਉਣੀ ਪਵੇਗੀ। | - | 1000/- ਰੁ: ਪ੍ਰਤੀ ਸਾਲ | 5000/- ਰੁ: ਪ੍ਰਤੀ ਸਾਲ |

3.(ੳ) ਬਿਨੈ ਪੱਤਰ ਦੇ ਨਾਲ ਨਿਯਮਾਂ ਅਨੁਸਾਰ ਬਣਦੀ ਫੀਸ ਪ੍ਰਾਪਤ ਹੋਣੀ ਚਾਹੀਦੀ ਹੈ, ਜੇਕਰ ਬਿਨੈਕਾਰ ਸਕੂਲ ਕੇਂਦਰ ਸਥਾਪਤ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਪੂਰੀਆਂ ਨਹੀ ਕਰਦਾ ਤਾਂ ਕੇਂਦਰ ਸਥਾਪਤ ਕਰਨ ਲਈ ਜਮ੍ਹਾਂ ਕਰਵਾਈ ਗਈ ਫੀਸ ਵਾਪਸ ਨਹੀ ਕੀਤੀ ਜਾਵੇਗੀ।

(ਅ) ਜੇਕਰ ਪ੍ਰਬੰਧਕੀ ਕਾਰਨਾਂ ਕਰਕੇ ਆਪ ਦੀ ਸੰਸਥਾ ਵਿਖੇ ਪ੍ਰੀਖਿਆ ਕੇਂਦਰ ਸਥਾਪਿਤ ਨਹੀ ਹੁੰਦਾ ਤਾਂ ਉਸ ਤੇ ਅਗਲੇ ਸਾਲ ਕੁੱਲ ਫੀਸ ਦਾ 10% ਜਮ੍ਹਾਂ ਕਰਵਾਉਣ ਉਪਰੰਤ ਹੀ ਆਪ ਦੇ ਬਿਨੈਪੱਤਰ ਤੇ ਵਿਚਾਰ ਕੀਤੀ ਜਾਵੇਗੀ।

4. ਪ੍ਰੀਖਿਆ ਕੇਂਦਰ ਬਣਾਉਣ ਲਈ ਬਿਨੈਪੱਤਰ ਦੇ ਨਾਲ ਸਕੂਲ ਦੀ ਇਮਾਰਤ ਦਾ ਨਕਸ਼ਾ ਨੱਥੀ ਹੋਣਾ ਚਾਹੀਦਾ ਹੈ। ਇਮਾਰਤ ਦਾ ਉਹ ਹਿੱਸਾ ਜਿਹੜਾ ਕੇਂਦਰ ਵਜੋਂ ਵਰਤਿਆ ਜਾਣਾ ਹੈ, ਉਸ ਦੀ ਨਿਸ਼ਾਨਦੇਹੀ ਲਾਲ ਰੰਗ ਨਾਲ ਕੀਤੀ ਜਾਵੇ। ਨਕਸ਼ੇ ਵਿੱਚ ਹਰ ਕਮਰੇ ਦਾ ਮਾਪ ਅਤੇ ਦਰਵਾਜੇ, ਖਿੜਕੀਆਂ ਵੀ ਦਰਸਾਏ ਜਾਣੇ ਚਾਹੀਦੇ ਹਨ। ਖਿੜਕੀਆਂ ਵਿੱਚ ਗਰਿੱਲਾਂ ਅਤੇ ਜਾਲੀਆ ਦਾ ਹੋਣਾ ਲਾਜ਼ਮੀ ਹੈ।

5. ਬੋਰਡ ਵਲੋਂ ਲਈ ਜਾਣ ਵਾਲੀ ਪ੍ਰੀਖਿਆ ਵਾਸਤੇ ਸਕੂਲ ਦੀ ਇਮਾਰਤ ਅਤੇ ਫਰਨੀਚਰ ਮੁਹੱਈਆ ਕਰਨਾ ਸੰਸਥਾ ਲਈ ਲਾਜ਼ਮੀ ਹੈ। ਪ੍ਰੀਖਿਆ ਕੇਂਦਰ ਵਿੱਚ ਹਵਾਦਾਰ ਅਤੇ ਰੌਸ਼ਨੀਦਾਰ ਸਮੇਤ ਟਿਊਬਲਾਈਟਾਂ ਤੇ ਪੱਖੇ ਹੋਣੇ ਚਾਹੀਦੇ ਹਨ।

6. ਪ੍ਰੀਖਿਆ ਦੌਰਾਨ ਸੰਸਥਾ ਨੂੰ ਆਪਣੇ ਸਕੂਲ ਦੇ ਕਲਰਕ ਨੂੰ, ਸਹਾਇਕ ਸੁਪਰਡੰਟ ਅਤੇ ਲੋੜ ਪੈਣ ਤੇ ਹੋਰ ਅਮਲਾ ਪ੍ਰੀਖਿਆਵਾਂ ਦੇ ਸੰਚਾਲਨ ਲਈ ਫਾਰਗ ਕਰਨਾ ਹੋਵੇਗਾ।

7. ਪ੍ਰੀਖਿਆ ਕੇਂਦਰ ਬਣਾਉਣ ਲਈ ਪੇਂਡੂ ਖੇਤਰ ਲਈ 90 ਅਤੇ ਸ਼ਹਿਰੀ ਖੇਤਰ ਲਈ 125 ਰੈਗੂਲਰ ਪ੍ਰੀਖਿਆਰਥੀ ਹੋਣੇ ਚਾਹੀਦੇ ਹਨ। ਇਹ ਗਿਣਤੀ ਓਪਨ ਸਕੂਲ/ਐਸੋਸੀਏਟ ਸਕੂਲ ਦੇ ਵਿਦਿਆਰਥੀਆਂ ਤੋਂ ਬਿਨਾਂ ਮੰਨੀ ਜਾਵੇਗੀ। (ਬਿਨੈਕਾਰ ਸਕੂਲ ਦੇ ਆਪਣੇ ਘੱਟੋਂ-ਘੱਟ 50 ਰੈਗੂਲਰ ਪ੍ਰੀਖਿਆਰਥੀ ਹੋਣੇ ਜ਼ਰੂਰੀ ਹਨ)

8. ਜੇਕਰ ਪ੍ਰੀਖਿਆਰਥੀਆਂ ਦੀ ਗਿਣਤੀ ਪ੍ਰਵਾਨਿਤ ਗਿਣਤੀ ਤੋ ਘੱਟ ਰਹਿ ਜਾਂਦੀ ਹੈ ਤਾਂ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਲਈ ਸਬੰਧਤ ਸਕੂਲ ਨੂੰ 400/- ਰੁਪਏ ਪ੍ਰਤੀ ਪ੍ਰੀਖਿਆਰਥੀ ਦੀ ਦਰ ਨਾਲ **ਘੱਟ ਪ੍ਰੀਖਿਆਰਥੀਆਂ** ਦੀ ਬਣਦੀ ਫੀਸ ਇੱਕ ਵਾਰ ਇੱਕਠੀ ਜਮ੍ਹਾਂ ਕਰਵਾਉਣੀ ਹੋਵੇਗੀ।

9. ਇਹ ਸੰਸਥਾ ਪ੍ਰੀਖਿਆ ਦੌਰਾਨ ਇੱਕ ਦੀਵਾਰ ਵਾਲੀ ਘੜੀ, ਇੱਕ ਅਲਮਾਰੀ, ਇੱਕ ਲੋਹੇ ਦਾ ਟਰੰਕ ਜਿਹਨਾਂ ਵਿੱਚ ਉਤਰ ਕਾਪੀਆਂ ਅਤੇ ਸਟੇਸ਼ਨਰੀ ਆਦਿ ਰੱਖੀਆਂ ਜਾਣੀਆਂ ਹਨ, ਬਿਨ੍ਹਾਂ ਕਿਰਾਏ ਤੋਂ ਸਥਾਈ ਤੌਰ ਤੇ ਮੁੱਹਈਆਂ ਕਰਵਾਏਗੀ।

10. ਪ੍ਰੀਖਿਆ ਕੇਂਦਰ ਲਈ 250 ਤੋਂ 300 ਵਿਦਿਆਰਥੀ ਬਿਠਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

11. ਪ੍ਰੀਖਿਆ ਕੇਂਦਰ ਲਈ ਇੱਕ ਹਾਲ ਜਿਸ ਵਿੱਚ ਸੁਪਰਡੰਟ ਅਤੇ ਸਹਾਇਕ ਸੁਪਰਡੰਟ ਦੇ ਬੈਠਣ ਤੋਂ ਇਲਾਵਾ 70 ਤੋਂ 100 ਵਿਦਿਆਰਥੀ ਬਿਠਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

12. ਹਰ ਕਮਰਾ ਸਮੇਤ ਹਾਲ ਕਮਰਾ ਇੱਕ ਦੂਜੇ ਨਾਲ ਜੁੜਵੇਂ ਹੋਣੇ ਚਾਹਦੇ ਹਨ ਅਤੇ ਹਰ ਕਮਰੇ ਵਿੱਚ 35 ਤੋਂ 40 ਵਿਦਿਆਰਥੀ ਬੈਠਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

13. ਪ੍ਰੀਖਿਆ ਕੇਂਦਰ ਗਰਾਊਂਡ ਫਲੋਰ ਤੇ ਸਥਾਪਿਤ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ।

14. ਬਿਨੈ ਪੱਤਰ ਪ੍ਰਾਪਤ ਹੋਣ ਉਪਰੰਤ ਸਕੂਲ ਦਾ ਨਿਰੀਖਣ ਬੋਰਡ ਵਲੋਂ ਨਿਯੁਕਤ ਅਧਿਕਾਰੀ ਕਰੇਗਾ।

15. ਰੋਡ ਮੈਪ ਬਿਨੈਪੱਤਰ ਨਾਲ ਲਗਾਇਆ ਜਾਵੇ ਜਿਸ ਵਿੱਚ ਨੇੜੇ ਦਾ ਪ੍ਰੀਖਿਆ ਕੇਂਦਰ ਅਤੇ ਸ਼ਹਿਰ ਵੀ ਦਰਸਾਇਆ ਗਿਆ ਹੋਵੇ।

16. ਦਸਵੀਂ ਉਪਰੰਤ ਬਾਰ੍ਹਵੀਂ ਸ਼੍ਰੇਣੀ ਦੇ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਲਈ ਬੋਰਡ ਵੱਲੋ ਸੰਸਥਾ ਦਾ ਮੁੜ ਨਿਰੀਖਣ ਨਹੀਂ ਕਰਵਾਇਆ ਜਾਵੇਗਾ। ਇਸ ਸਬੰਧੀ ਹੇਠ ਲਿਖੇ ਅਨੁਸਾਰ ਤਸਦੀਕਸ਼ੁਦਾ ਹਲਫੀਆ ਬਿਆਨ ਅਤੇ ਨਿਰਧਾਰਿਤ ਫੀਸ, ਪ੍ਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਦਿੱਤੇ ਜਾਣ ਵਾਲੇ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਇਆ ਜਾਵੇ।

## ਨਮੂਨਾ ਹਲਫਨਾਮਾ

ਮੈਂ ........................................................................................................

ਪ੍ਰਿੰਸੀਪਲ ............................................................... ਹਲਫ ਨਾਲ ਬਿਆਨ ਕਰਦਾ ਹਾਂ ਕਿ:-

1 ਉਪਰੋਕਤ ਸੰਸਥਾ ਵਿਖੇ ਦਸਵੀਂ ਪੱਧਰ ਦੀਆਂ ਸ਼੍ਰੇਣੀਆਂ ਦਾ ਪ੍ਰੀਖਿਆ ਕੇਂਦਰ ਪਹਿਲਾਂ ਹੀ ਚੱਲ ਰਿਹਾ ਹੈ। ਇਹ ਸੰਸਥਾ ਬਾਰ੍ਹਵੀਂ ਸ਼੍ਰੇਣੀ ਦੇ ਪੱਧਰ ਦਾ ਪ੍ਰੀਖਿਆ ਕੇਂਦਰ ਸਥਾਪਤ ਕਰਵਾਉਣ ਲਈ ਬੋਰਡ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

2 ਇਹ ਕਿ ਇਹ ਦੋਵੇਂ ਪ੍ਰੀਖਿਆ ਕੇਂਦਰ ਇੱਕ ਚਾਰ-ਦੀਵਾਰੀ ਦੇ ਅੰਦਰ ਚੱਲਣਗੇ। ਇਸ ਸਬੰਧੀ ਸੰਸਥਾ ਦਾ ਨਕਸ਼ਾ ਅਤੇ ਪਹੁੰਚ ਮਾਰਗ ਦਾ ਰਸਤਾ (Road Map) ਨੱਥੀ ਹੈ। ਸੰਸਥਾ ਦੋਵੇਂ ਕੇਂਦਰ ਇੱਕ ਸਮੇਂ ਚਲਾਉਣ ਦੇ ਸਮਰੱਥ ਹੈ।

3. ਸੰਸਥਾ ਬੋਰਡ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨਾ ਪਾਲਣਾ ਕਰਦੀ ਆ ਰਹੀ ਹੈ ਅਤੇ ਅੱਗੇ ਤੋ. ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਬਚਨਬੱਧ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਬੋਰਡ ਨੂੰ ਸੰਸਥਾ ਵਿਰੁੱਧ ਕੋਈ ਵੀ ਕਾਰਵਾਈ ਕਰਨ ਦਾ ਹੱਕ ਹੈ।

4. ਉਪਰੋਕਤ ਸਬੰਧੀ ਸੰਸਥਾ ਖਿਲਾਫ ਕਿਸੇ ਵੀ ਕਿਸਮ ਦੇ ਦੋਸ਼ ਸਿੱਧ ਹੋਣ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਦਾ ਖਰਚਾ/ਜੁਰਮਾਨਾ (ਜੇਕਰ ਕੋਈ ਹੋਵੇ) ਤਾਂ ਸੰਸਥਾ ਮੁੱਖੀ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਬਿਆਨਕਰਤਾ

ਵੈਰੀਫਿਕੇਸ਼ਨ:

ਮੈਂ ਤਸਦੀਕ ਕਰਦਾ ਹਾਂ ਕਿ ਉਪਰੋਕਤ ਦਰਜ ਲੜੀ ਨੰ:1 ਤੋ 4 ਤੱਥ ਮੇਰੀ ਜਾਣਕਾਰੀ ਮੁਤਾਬਿਕ ਬਿੱਲਕੁੱਲ ਸਹੀ ਹਨ ਨਾ ਹੀ ਇਸ ਸਬੰਧੀ ਕੋਈ ਗਲਤ ਬਿਆਨੀ ਕੀਤੀ ਗਈ ਹੈ ਅਤੇ ਨਾ ਹੀ ਕੋਈ ਤੱਥ ਛੁਪਾਇਆ ਗਿਆ ਹੈ।

ਬਿਆਨਕਰਤਾ